# Samana girl bags two silver in national school games

SANJAY BUMBROO
TRIBUNE NEWS SERVICE

NABHA, DECEMBER 27
Ankita Pathak (13) is making strides in the national games organised by the School Games Federation of India (SGFI) as she had won two silver medals in the 100m race as well as taekwondo in recently held games at Jagjitpur in Haridwar (Uttarakhand).

The 5'10'' tall Ankita, a student of DAV School, Samana, who had arrived here from Haridwar to participate in the NCC camp being held at Punjab Public School, here, today, said she had participated in the games held from December 21 to 24.

She said she had missed the gold by a whisker.

Ankita said she was attracted towards athletics after watching the Olympic Games held in Rio de Janeiro in Brazil in 2016.

She said her main aim was to win a gold medal for the country in the Olympics and she had started participating in the games seven months ago and was practicing for six hours daily.



Ankita Pathak

## Missed gold by a whisker: Ankita

**Ankita Pathak, who had participated in the national games organised by the School Games Federation of India from December 21 to 24, said she had missed the gold by a whisker. She said she was attracted towards athletics after watching the Olympic Games held in Rio de Janeiro, Brazil, in 2016. Ankita added that her main aim was to win a gold medal for the country in the Olympics and she had started participating in the games seven months ago and was practicing for six hours daily.**

Ankita said her parents had never opposed her decision and had always encouraged her by providing all facilities. Rampal, sports in-charge of the school who was accompanying her, said she was good in athletics as well as taekwondo.

He said after her performance in the SGFI-conducted national school games at Haridwar, Ankita was likely to be selected for the International School Games, to be held in Kerala in 2018.

Mandeep Kaur, Ankita's sports teacher, said Ankita was earlier interested in athletics only but after seeing her capabilities, she had asked her to participate in the taekwondo competition also.

School principal Mohan Lal Sharma said Ankita, who is a student of Class IX, was also good in studies.

He said Ankita was dedicated to athletics and had brought laurels to the school by winning medals in every tournament in which she had participated.

CHANDIGARH Tribune Thu, 28 December 2017
epaper.tribuneindia.com//c/24901(



ਡੀ.ਏ.ਵੀ. ਸਕੂਲ ਸਮਾਣਾ ਦੇ ਜੇਤੂ ਖਿਡਾਰਨਾਂ ਸਕੂਲ ਮੁਖੀ ਡਾ. ਮੋਹਨ ਲਾਲ ਸ਼ਰਮਾ ਅਤੇ ਅਧਿਆਪਕ। ਤਸਵੀਰ : ਗੁਰਦੀਪ ਸ਼ਰਮਾ

# ਡੀ.ਏ.ਵੀ. ਸਕੂਲ ਸਮਾਣਾ ਨੇ ਖੇਡਾਂ ਵਿਚ ਰਾਸ਼ਟਰੀ ਪੱਧਰ 'ਤੇ ਸਿਰਜਿਆ ਇਤਿਹਾਸ

ਸਮਾਣਾ, 27 ਦਸੰਬਰ (ਗੁਰਦੀਪ ਸ਼ਰਮਾ)-ਡੀ.ਏ.ਵੀ. ਸਕੂਲ ਸਮਾਣਾ ਦੀਆਂ ਹੋਣਹਾਰ ਵਿਦਿਆਰਥਣਾਂ ਵੱਲੋਂ ਰਾਸ਼ਟਰੀ ਪੱਧਰ 'ਤੇ ਹੋਏ ਡੀ.ਏ.ਵੀ. ਨੈਸ਼ਨਲ ਸਪੋਰਟਸ ਨੈਸ਼ਨਲ ਲੈਵਲ ਅਥਲੈਟਿਕ/ਤਾਇਕਵਾਂਡੋ 2017-18 ਦੇ ਖੇਡ ਮੁਕਾਬਲਿਆਂ ਵਿਚ ਬਹੁਤ ਵਧੀਆ ਕਾਰਗੁਜ਼ਾਰੀ ਵਿਖਾਉਂਦਿਆਂ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਇਨ੍ਹਾਂ ਮੁਕਾਬਲਿਆਂ ਦੇ ਅੰਤਰਗਤ ਸਕੂਲ ਦੀ ਵਿਦਿਆਰਥਣ ਅੰਸ਼ਮੀਤ ਕੌਰ (ਅੱਠਵੀਂ ਜਮਾਤ) ਨੇ ਤਾਇਕਵਾਂਡੋ ਵਿਚ ਦੂਜਾ ਸਥਾਨ ਪ੍ਰਾਪਤ ਕਰਕੇ ਸਿਲਵਰ ਮੈਡਲ, ਅੰਕਿਤਾ ਪਾਠਕ (ਨੌਵੀਂ ਜਮਾਤ) ਨੇ ਤਾਇਕਵਾਂਡੋ ਤੇ 100 ਮੀਟਰ ਦੌੜ ਵਿਚ ਦੂਜਾ ਸਥਾਨ ਪ੍ਰਾਪਤ ਕਰਕੇ ਸਿਲਵਰ ਮੈਡਲ ਤੇ ਨਵਦੀਪ ਕੌਰ (ਅੱਠਵੀਂ ਜਮਾਤ) ਨੇ ਤਾਇਕਵਾਂਡੋ ਵਿਚ ਤੀਜਾ ਸਥਾਨ ਮੱਲਿਆ ਤੇ ਕਾਂਸੇ ਦਾ ਮੈਡਲ ਹਾਸਲ ਕਰਕੇ ਸਕੂਲ ਨੂੰ ਰਾਸ਼ਟਰੀ ਪੱਧਰ 'ਤੇ ਮੋਹਰੀ ਕਤਾਰ ਵਿਚ ਲੈ ਆਉਂਦਾ ਹੈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਮੋਹਨ ਲਾਲ ਸ਼ਰਮਾ ਨੇ ਜੇਤੂ ਬੱਚਿਆਂ ਤੇ ਸਰੀਰਕ ਸਿੱਖਿਆ ਅਧਿਆਪਕ ਮੈਡਮ ਮਨਦੀਪ ਕੌਰ ਦਾ ਵਿਸ਼ੇਸ਼ ਸਨਮਾਨ ਕੀਤਾ।

ਅਜੀਤ ®©
28-Dec-2017
Page: 10
http://epaper.ajitjaladhar.com/edition/20171228/11/10.cms

# ਡੀਏਵੀ ਸਕੂਲ ਸਮਾਣਾ ਨੇ ਖੇਡਾਂ ਵਿੱਚ ਰਾਸ਼ਟਰੀ ਪੱਧਰ 'ਤੇ ਮੱਲਾਂ ਮਾਰੀਆਂ

**ਤਾਇਕਵਾਂਡੋ ਵਿੱਚ ਅੰਸ਼ਮੀਤ ਕੌਰ ਨੇ ਜਿੱਤਿਆ ਚਾਂਦੀ ਦਾ ਤਗਮਾ**

**ਨਿੱਜੀ ਪੱਤਰ ਪ੍ਰੇਰਕ**

**ਸਮਾਣਾ, 27 ਦਸੰਬਰ**



ਜੇਤੂ ਵਿਦਿਆਰਥੀਆਂ ਦਾ ਸਨਮਾਨ ਕਰਦੇ ਹੋਏ ਸਕੂਲ ਪ੍ਰਿੰਸੀਪਲ ਡਾ. ਮੋਹਨ ਲਾਲ ਸ਼ਰਮਾ। -ਫ਼ੋਟੋ: ਗਰਗ

ਡੀਏਵੀ ਸਕੂਲ ਸਮਾਣਾ ਦੀਆਂ ਹੋਣਹਾਰ ਵਿਦਿਆਰਥਣਾਂ ਵੱਲੋਂ ਰਾਸ਼ਟਰੀ ਪੱਧਰ 'ਤੇ ਹੋਏ ਡੀਏਵੀ ਨੈਸ਼ਨਲ ਸਪੋਰਟਸ ਨੈਸ਼ਨਲ ਲੈਵਲ ਅਥਲੈਟਿਕ/ ਤਾਇਕਵਾਂਡੋ 2017-18 ਦੇ ਖੇਡ ਮੁਕਾਬਲਿਆਂ ਵਿੱਚ ਵਧੀਆ ਕਾਰਗੁਜ਼ਾਰੀ ਵਿਖਾਉਂਦਿਆਂ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਇਨ੍ਹਾਂ ਮੁਕਾਬਲਿਆਂ ਦੇ ਅੰਤਰਗਤ ਸਕੂਲ ਦੀ ਵਿਦਿਆਰਥਣ ਅੰਸ਼ਮੀਤ ਕੌਰ (ਅੱਠਵੀਂ ਜਮਾਤ) ਨੇ ਤਾਇਕਵਾਂਡੋ ਵਿੱਚ ਦੂਜਾ ਸਥਾਨ ਪ੍ਰਾਪਤ ਕਰ ਕੇ ਸਿਲਵਰ ਮੈਡਲ, ਅੰਕਿਤਾ ਪਾਠਕ (ਨੌਵੀਂ ਜਮਾਤ) ਨੇ ਤਾਇਕਵਾਂਡੋ ਤੇ 100 ਮੀਟਰ ਦੌੜ ਵਿੱਚ ਦੂਜਾ ਸਥਾਨ ਪ੍ਰਾਪਤ ਕਰ ਕੇ ਸਿਲਵਰ ਮੈਡਲ ਤੇ ਨਵਦੀਪ ਕੌਰ (ਅੱਠਵੀਂ ਜਮਾਤ) ਨੇ ਤਾਇਕਵਾਂਡੋ ਵਿੱਚ ਤੀਜਾ ਸਥਾਨ ਮੱਲਿਆ ਤੇ ਕਾਂਸੇ ਦਾ ਤਗਮਾ ਹਾਸਲ ਕਰ ਕੇ ਸਕੂਲ ਨੂੰ ਰਾਸ਼ਟਰੀ ਪੱਧਰ 'ਤੇ ਮੋਹਰੀ ਕਤਾਰ ਵਿੱਚ ਲੈ ਆਂਦਾ ਹੈ। ਸਕੂਲ ਪ੍ਰਿੰਸੀਪਲ ਡਾ. ਮੋਹਨ ਲਾਲ ਸ਼ਰਮਾ ਦੀ ਯੋਗ ਅਗਵਾਈ ਹੇਠ ਪਹਿਲੀ ਵਾਰ ਰਾਸ਼ਟਰੀ ਪੱਧਰ ਉੱਤੇ ਇੰਨੀ ਵੱਡੀ ਵਿਸ਼ੇਸ਼ ਪ੍ਰਾਪਤੀ ਸੰਸਥਾ ਲਈ ਬਹੁਤ ਹੀ ਮਾਣ ਦੀ ਗੱਲ ਹੈ। ਇਸ ਦਾ ਮੁਕੰਮਲ ਸਿਹਰਾ ਸਕੂਲ ਦੇ ਪ੍ਰਿੰਸੀਪਲ ਡਾ. ਮੋਹਨ ਲਾਲ ਸ਼ਰਮਾ ਨੂੰ ਜਾਂਦਾ ਹੈ ਜਿਨ੍ਹਾਂ ਦੀ ਸਖਤ ਮਿਹਨਤ ਰੰਗ ਲਿਆਈ ਹੈ ਤੇ ਸਕੂਲ ਨੇ ਇਹ ਬੁਲੰਦੀ ਹਾਸਲ ਕੀਤੀ ਹੈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਮੋਹਨ ਲਾਲ ਸ਼ਰਮਾ ਨੇ ਜੇਤੂ ਬੱਚਿਆਂ ਤੇ ਸਰੀਰਕ ਸਿੱਖਿਆ ਅਧਿਆਪਕ ਮੈਡਮ ਮਨਦੀਪ ਕੌਰ ਦਾ ਵਿਸ਼ੇਸ਼ ਸਨਮਾਨ ਕੀਤਾ। ਸਕੂਲ ਪ੍ਰਿੰਸੀਪਲ ਡਾ. ਮੋਹਨ ਲਾਲ ਸ਼ਰਮਾ ਨੇ ਬੱਚਿਆਂ ਦੇ ਮਾਪਿਆਂ ਨੂੰ ਵੀ ਵਧਾਈ ਦਿੱਤੀ ਤੇ ਸਿਖਲਾਈ ਦੇਣ ਵਾਲੇ ਅਧਿਆਪਕਾਂ ਦੀ ਵਡਿਆਈ ਕੀਤੀ ਜਿਨ੍ਹਾਂ ਦੀ ਉਚਿਤ ਅਗਵਾਈ ਹੇਠ ਇਹ ਬੱਚੇ ਚੰਗੀ ਕਾਰਗੁਜ਼ਾਰੀ ਦੇ ਕੇ ਆਪਣੇ ਉਦੇਸ਼ ਵਿੱਚ ਸਫ਼ਲ ਹੋ ਸਕੇ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਭਵਿੱਖ ਵਿੱਚ ਵੀ ਬੱਚਿਆਂ ਨੂੰ ਇਸੇ ਤਰ੍ਹਾਂ ਚੰਗੀ ਸਿਖਲਾਈ ਦੇ ਕੇ ਆਪਣੀਆਂ ਯੋਗਤਾਵਾਂ ਦਾ ਚੰਗਾ ਪ੍ਰਦਰਸ਼ਨ ਕਰਨ ਲਈ ਉਤਸ਼ਾਹਿਤ ਕੀਤਾ ਜਾਵੇਗਾ।

ਪਟਿਆਲਾ/ਸੰਗਰੂਰ
Thu, 28 December 2017
epaper.punjabitribuneonline.com//c/24901934